110

ਦਫਤਰ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।
(ਮੰਡੀਕਰਨ ਸ਼ਾਖਾ)

ਵੱਲ

ਪ੍ਰਬੰਧਕ ਨਿਰਦੇਸ਼ਕ,
ਮਾਰਕਫੈਡ, ਪੰਜਾਬ, ਚੰਡੀਗੜ੍ਹ।

ਸਟੇਟ ਮਾਰਕੀਟਿੰਗ ਮੈਨੇਜਰ, (ਪੰਜਾਬ),
ਇਫਕੋ, ਚੰਡੀਗੜ੍ਹ।

ਸਮੂਹ ਸੰਯੁਕਤ/ਉਪ ਰਜਿਸਟਰਾਰ,
ਸਹਿਕਾਰੀ ਸਭਾਵਾਂ, ਖੇਤਰ ਵਿੱਚ।

ਮੀਮੋ ਨੰ: ਰਸਸ/ਮੰਡੀ:/ਨ.ਖ./6/ 858
ਚੰਡੀਗੜ੍ਹ ਮਿਤੀ: 02-9-21

ਵਿਸ਼ਾ:- **ਸਹਿਕਾਰੀ ਸਭਾਵਾਂ ਰਾਹੀਂ ਸਭਾਵਾਂ ਦੇ ਮੈਂਬਰ ਕਿਸਾਨਾਂ ਨੂੰ ਉਚੇਰੇ ਮਿਆਰ ਦੇ ਐਗਰੋ ਕੈਮੀਕਲਜ਼ ਮੁਹੱਈਆ ਕਰਵਾਉਣ ਸਬੰਧੀ।**

ਹਵਾਲਾ:- ਇਸ ਦਫਤਰ ਦਾ ਮੀਮੋ ਨੰ.ਰਸਸ/ਮੰਡੀ:/ਨ.ਖ./391 ਮਿਤੀ:17.11.20

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਦਿੱਤੇ ਪੱਤਰ ਦੀ ਲਗਾਤਾਰਤਾ ਵਿੱਚ ਦੱਸਿਆ ਜਾਂਦਾ ਹੈ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਲੋਂ ਈ-ਮੇਲ ਮਿਤੀ:11.08.21(ਕਾਪੀ ਨੱਥੀ) ਰਾਹੀਂ ਲੇਟੈਸਟ ਅਪਡੇਟਿਡ ਐਗਰੋ ਕੈਮੀਕਲਜ਼ ਦੀ ਸੂਚੀ ਇਸ ਦਫਤਰ ਨੂੰ ਭੇਜੀ ਹੈ ਜਿਸ ਅਨੁਸਾਰ ਇਸ ਸੂਚੀ ਵਿੱਚ ਕੁਝ ਐਗਰੋ ਕੈਮੀਕਲਜ਼ ਦੇ ਬਰਾਂਡ delete ਕਰ ਦਿੱਤੇ ਗਏ ਹਨ ਅਤੇ ਕੁਝ add ਕੀਤੇ ਗਏ ਹਨ। ਇਸ ਸੂਚੀ ਵਿੱਚ Deleted part is shown in Red colour and Added part is shown in Green colour. ਇਸ ਦੇ ਨਾਲ ਹੀ ਪੀ.ਏ.ਯੂ. ਵਲੋਂ ਜਿਨ੍ਹਾਂ Pesticides(insecticides, weedicides, fungicides) ਦੇ ਵੱਖ-2 ਫਸਲਾਂ ਤੇ ਵਰਤੋਂ ਲਈ label claim ਨਹੀ ਹਨ, ਉਹਨਾ Pesticides (insecticides, weedicides, fungicides) ਦੀ ਸੂਚੀ ਵੀ ਇਸ ਲਿਸਟ ਨਾਲ ਨਥੀ ਕਰਕੇ ਭੇਜੀ ਗਈ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਪ੍ਰਾਪਤ ਉਕਤ ਲੇਟੈਸਟ ਅਪਡੇਟਿਡ ਐਗਰੋ ਕੈਮੀਕਲਜ਼ ਦੀ ਸੂਚੀ ਵਿੱਚੋ 7 ਫਸਲਾਂ- cotton, wheat, paddy, maize, sugarcane, citrus ਅਤੇ potato ਲਈ ਲੇਟੈਸਟ ਅਪਡੇਟਿਡ ਐਗਰੋ ਕੈਮੀਕਲਜ਼ ਦੀ ਸੂਚੀ ਈ-ਮੇਲ ਰਾਹੀਂ ਭੇਜ਼ ਦਿੱਤੀ ਗਈ ਹੈ।

ਪ੍ਰਾਈਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੀ ਉਕਤ ਅਨੁਸਾਰ ਲੇਟੈਸਟ ਅਪਡੇਟਿਡ ਐਗਰੋ ਕੈਮੀਕਲਜ਼ ਦੀ ਸੂਚੀ ਵਿੱਚ ਦਰਜ ਫਸਲਾਂ-cotton, wheat, paddy, maize, sugarcane,citrus ਅਤੇ potato ਲਈ ਪੀ.ਏ.ਯੂ, ਲੁਧਿਆਣਾ ਵਲੋਂ ਸਿਫਾਰਿਸ਼ ਅਤੇ ਉੱਚ ਪੱਧਰੀ ਕਮੇਟੀ ਵਲੋਂ ਪ੍ਰਵਾਨਿਤ ਐਗਰੋ ਕੈਮੀਕਲਜ਼ ਦੇ ਬਰਾਂਡ, ਜਿਨ੍ਹਾਂ ਦੇ ਲੇਬਲ competent authority ਤੋਂ ਅਪਰੂਵਡ ਹਨ, ਦੀ ਸਪਲਾਈ ਆਪਣੇ ਮੈਂਬਰ ਕਿਸਾਨਾਂ ਨੂੰ ਕਰਨਗੀਆਂ। ਪ੍ਰਾਈਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਨੂੰ ਉਕਤ ਫਸਲਾਂ ਲਈ ਪੀ.ਏ.ਯੂ, ਲੁਧਿਆਣਾ ਵਲੋਂ ਸਿਫਾਰਿਸ਼ ਅਤੇ ਉੱਚ ਪੱਧਰੀ ਕਮੇਟੀ ਵਲੋਂ ਪ੍ਰਵਾਨਿਤ ਐਗਰੋ ਕੈਮੀਕਲਜ਼ ਦੇ ਬਰਾਂਡਾਂ ਦੀ ਸਪਲਾਈ ਆਪਣੇ ਪੱਧਰ ਤੇ ਆਪਣੇ ਮੈਂਬਰਾਂ ਦੀ ਮੰਗ ਅਨੁਸਾਰ ਕਰਨ ਦੀ ਖੁੱਲ ਹੋਵੇਗੀ। ਇਹ ਬਰਾਂਡ ਕੰਪਨੀਆਂ ਦੇ ਅਧਿਕਾਰਿਤ ਡੀਲਰ ਜਾਂ ਡਿਸਟ੍ਰੀਬਿਊਟਰ ਤੋਂ ਹੀ ਲਏ ਜਾਣਗੇ।

ਇਹ ਯਕੀਨੀ ਬਣਾਇਆ ਜਾਵੇ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਲੋਂ ਸਿਫਾਰਿਸ਼ ਅਤੇ ਉੱਚ ਪੱਧਰੀ ਕਮੇਟੀ ਵਲੋਂ ਪ੍ਰਵਾਨਿਤ ਐਗਰੋ ਕੈਮੀਕਲਜ਼ ਦੇ ਬਰਾਂਡਾਂ ਤੋਂ ਇਲਾਵਾ ਹੋਰ ਕਿਸੇ ਬਰਾਂਡ ਦੀ ਖਰੀਦ/ਸਪਲਾਈ ਨਾ ਕੀਤੀ ਜਾਵੇ।

ਇਹ ਹਦਾਇਤਾਂ ਪੰਜਾਬ ਕੋਆਪ੍ਰੇਟਿਵ ਸੁਸਾਇਟੀਜ਼ ਰੂਲ 1963 ਦੇ ਰੂਲ ਨੰ.45 ਅਧੀਨ ਜਾਰੀ ਕੀਤੀਆਂ ਜਾਂਦੀਆਂ ਹਨ।

ਇਹ ਪੱਤਰ ਰਸਸ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਨੱਥੀ: ਉਕਤ ਅਨੁਸਾਰ ਈ-ਮੇਲ ਰਾਹੀਂ ਭੇਜੀ ਹੈ।

ਵਧੀਕ ਰਜਿਸਟਰਾਰ (ਜੀ)
ਦਫਤਰ: ਰਜਿਸਟਰਾਰ, ਸਹਿਕਾਰੀ ਸਭਾਵਾਂ,
ਪੰਜਾਬ, ਚੰਡੀਗੜ੍ਹ।

PTO

Scanned with CamScanner

ਪਿੱਠ ਅੰਕਣ ਨੰ:ਰਸਸ/ਮੰਡੀ:/ਨ.ਖ./6/859 ਮਿਤੀ: 02-09-21

ਉਪਰੋਕਤ ਦਾ ਉਤਾਰਾ:

1. ਨਿੱਜੀ ਸਕੱਤਰ,ਵਿੱਤੀ ਕਮਿਸਨਰ (ਸਹਿਕਾਰਤਾ) ਪੰਜਾਬ ਸਰਕਾਰ, ਨੂੰ ਮਾਨਯੋਗ ਵਿੱਤੀ ਕਮਿਸਨਰ, (ਸਹਿਕਾਰਤਾ) ਜੀ ਦੀ ਜਾਣਕਾਰੀ ਹਿੱਤ।
2. ਨਿੱਜੀ ਸਕੱਤਰ,ਵਿੱਤੀ ਕਮਿਸਨਰ (ਵਿਕਾਸ) ਪੰਜਾਬ ਸਰਕਾਰ, ਨੂੰ ਮਾਨਯੋਗ ਵਿੱਤੀ ਕਮਿਸਨਰ (ਵਿਕਾਸ) ਜੀ ਦੀ ਜਾਣਕਾਰੀ ਹਿੱਤ।
3. ਨਿੱਜੀ ਸਹਾਇਕ,ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ ਚੰਡੀਗੜ੍ਹ ਨੂੰ ਮਾਨਯੋਗ ਰ.ਸ.ਸ ਜੀ ਦੀ ਜਾਣਕਾਰੀ ਹਿੱਤ।
4. ਪ੍ਰਬੰਧਕ ਨਿਰਦੇਸਕ,ਦੀ ਪੰਜਾਬ ਰਾਜ ਸਹਿਕਾਰੀ ਬੈਕ ਲਿਮ: ਚੰਡੀਗੜ੍ਹ ਨੂੰ ਜਰੂਰੀ ਕਾਰਵਾਈ ਅਤੇ ਜਾਣਕਾਰੀ ਹਿੱਤ।
5. ਪ੍ਰਬੰਧਕ ਨਿਰਦੇਸਕ,ਪੰਨਕੋਫੈਡ,ਪੰਜਾਬ ਚੰਡੀਗੜ੍ਹ ਨੂੰ ਲੌੜੀਦੀ ਕਾਰਵਾਈ ਲਈ।
6. ਡਾਇਰੈਕਟਰ ਖੇਤੀਬਾੜੀ,ਪੰਜਾਬ,ਐਸ.ਏ.ਐਸ ਨਗਰ ਨੂੰ ਸੂਚਨਾ ਹਿੱਤ।

ਵਧੀਕ ਰਜਿਸਟਰਾਰ (ਜੀ)
ਦਫਤਰ: ਰਜਿਸਟਰਾਰ, ਸਹਿਕਾਰੀ ਸਭਾਵਾਂ,
ਪੰਜਾਬ, ਚੰਡੀਗੜ੍ਹ।